# UNM ਕੇਅਰ ਜਾਂ ਆਊਟ-ਆਫ-ਕਾਉਂਟੀ ਕੇਅਰ (UNM Care or Out-of-County Care) ਬਾਰੇ ਅਕਸਰ ਪੁੱਛੇ ਜਾਣ ਵਾਲੇ ਸੁਆਲ (FAQ)

## 1. UNM Care ਅਤੇ Out-of-County-Care ਕੀ ਹਨ?

UNM Care ਅਤੇ Out-of-County Care ਉਹ ਪ੍ਰੋਗਰਾਮ ਹਨ, ਜੋ UNM Hospital ਵਿਖੇ ਸਿਹਤ-ਸੰਭਾਲ ਸੇਵਾਵਾਂ ਲਈ ਮੈਡੀਕਲ ਫ਼ੀਸਾਂ ਦਾ ਭੁਗਤਾਨ ਕਰਨ ਵਿੱਚ ਮਦਦ ਕਰਦੇ ਹਨ। ਜੇ ਤੁਹਾਡਾ ਬੀਮਾ ਨਹੀਂ ਹੋਇਆ, ਤਾਂ ਤੁਸੀਂ ਇਹਨਾਂ ਪ੍ਰੋਗਰਾਮਾਂ ਦੀ ਵਰਤੋਂ ਕਰ ਸਕਦੇ ਹੋ ਅਤੇ ਜੇ ਤੁਹਾਡਾ ਬੀਮਾ ਹੋਇਆ ਹੈ, ਤਾਂ ਵੀ ਤੁਸੀਂ ਇਸਦੀ ਵਰਤੋਂ ਕਰ ਸਕਦੇ ਹੋ। ਇਸਦੇ ਘੇਰੇ ਹੇਠ ਐਮਰਜੈਂਸੀ ਅਤੇ ਸਿਹਤ ਅਤੇ ਹੋਰ ਮੈਡੀਕਲ ਸੰਭਾਲ ਦੀਆਂ ਫ਼ੀਸਾਂ ਆਉਂਦੀਆਂ ਹਨ, ਜਿਹਨਾਂ ਦੀ ਤੁਹਾਨੂੰ ਲੋੜ ਪੈ ਸਕਦੀ ਹੈ। ਸਾਡਾ ਟੀਚਾ ਤੁਹਾਡੀ ਮਦਦ ਕਰਨ ਨੂੰ ਯਕੀਨੀ ਬਣਾਉਣਾ ਹੈ, ਤਾਂਜੋ ਲਾਗਤਾਂ ਦਾ ਭੁਗਤਾਨ ਕਰਨ ਨਾਲ ਤੁਹਾਡੀ ਮਦਦ ਕਰਕੇ ਤੁਹਾਨੂੰ ਲੋੜੀਂਦੀ ਸੰਭਾਲ ਮਿਲੇ।

## 2. UNM Care ਜਾਂ Out-of-County Care ਲਈ ਕੌਣ ਯੋਗ ਹੁੰਦਾ/ਹੁੰਦੀ ਹੈ?

UNM Care ਲਈ ਯੋਗ ਹੋਣ ਵਾਸਤੇ, ਤੁਹਾਨੂੰ ਬਰਨੈਲੀਲੋ ਕਾਉਂਟੀ ਜਾਂ ਸੈਂਡੋਵੈਲ ਕਾਉਂਟੀ ਦਾ ਵਸਨੀਕ ਹੋਣਾ ਚਾਹੀਦਾ ਹੈ।

Out-of-County Care ਲਈ ਯੋਗ ਹੋਣ ਵਾਸਤੇ, ਤੁਹਾਨੂੰ Bernalillo ਜਾਂ Sandoval ਕਾਉਂਟੀ ਤੋਂ ਅਲਾਵਾ ਕਿਸੇ ਹੋਰ ਕਾਉਂਟੀ ਦਾ ਵਸਨੀਕ ਹੋਣਾ ਚਾਹੀਦਾ ਹੈ।

UNM Care ਅਤੇ Out-of-County Care, ਦੋਹਾਂ ਲਈ ਤੁਹਾਨੂੰ ਇਹ ਕਰਨਾ ਪੈਣਾ ਹੈ –

- ✓ ਆਪਣੀ ਸਿਹਤ ਅਤੇ ਮੈਡੀਕਲ ਸੰਭਾਲ ਲਈ UNM ਹਸਪਤਾਲਾਂ ਜਾਂ ਕਲੀਨਿਕਾਂ ਵਿੱਚ ਜਾਓ।
- ✓ ਢੁਕਵੀਂ ਸੀਮਾ ਵਿੱਚ ਆਉਣ ਵਾਲੀ ਆਮਦਨ (ਉਜਰਤਾਂ, ਤਨਖ਼ਾਹ, ਲਾਭ) ਕਮਾਓ ਜਾਂ ਆਮਦਨ ਨਹੀਂ ਹੈ।

## 3. UNM Care ਅਤੇ Out-of-County Care ਦੇ ਘੇਰੇ ਹੇਠ ਕਿਹੜੀਆਂ ਸੇਵਾਵਾਂ ਆਉਂਦੀਆਂ ਹਨ?

UNM Care ਅਤੇ Out-of-County Care ਦੇ ਘੇਰੇ ਹੇਠ ਆਉਂਦੇ ਹਨ –

- ✓ ਸਿਹਤ-ਸੰਭਾਲ ਸੇਵਾਵਾਂ, ਸਪਲਾਈਆਂ, ਇਲਾਜ ਅਤੇ ਮੈਡੀਕਲ ਤੌਰ 'ਤੇ ਲੋੜੀਂਦੇ ਅਮਲ। ਮੈਡੀਕਲ ਤੌਰ 'ਤੇ ਜ਼ਰੂਰੀ ਲਾਗਤਾਂ ਵਿੱਚ ਉਹ ਸਪਲਾਈਆਂ ਜਾਂ ਸੇਵਾਵਾਂ ਸ਼ਾਮਿਲ ਹੁੰਦੀਆਂ ਹਨ, ਜੋ ਤੁਹਾਡੀ ਸਥਿਤੀ ਦਾ ਪਤਾ ਲਾਉਣ ਜਾਂ ਇਲਾਜ ਲਈ ਜਾਂ ਤੁਹਾਨੂੰ ਸਿਹਤਮੰਦ ਰੱਖਣ ਲਈ ਲੋੜੀਂਦੀਆਂ ਹਨ। ਪ੍ਰੋਵਾਈਡਰ ਫ਼ੈਸਲਾ ਕਰਦੇ ਹਨ ਕਿ ਮੈਡੀਕਲ ਤੌਰ 'ਤੇ ਕੀ ਜ਼ਰੂਰੀ ਹੈ।

- ✓ ਢੁਕਵੀਆਂ ਦਵਾਈਆਂ ਲਈ ਦਵਾਈਆਂ ਦੀ ਪਰਚੀ ਨੂੰ UNM Hospital ਦੀਆਂ ਫਾਰਮੇਸੀਆਂ 'ਤੇ ਭਰਿਆ ਜਾ ਸਕਦਾ ਹੈ। ਕਿਰਪਾ ਕਰਕੇ ਆਪਣੇ ਪ੍ਰੋਵਾਈਡਰ ਨੂੰ ਪੁੱਛੋ ਕਿ ਕੀ ਤੁਹਾਡੀ ਦਵਾਈ UNM Care ਜਾਂ Out-of-County Care ਦੇ ਘੇਰੇ ਹੇਠ ਆਉਂਦੀ ਹੈ

## 4. UNM Care ਜਾਂ Out-of-County Care ਦੇ ਘੇਰੇ ਹੇਠ ਕਿਹੜੀਆਂ ਸੇਵਾਵਾਂ **ਨਹੀਂ** ਆਉਂਦੀਆਂ?

UNM ਅਤੇ Out-of-County Care ਦੇ ਘੇਰੇ ਹੇਠ **ਨਹੀਂ** ਆਉਂਦੀਆਂ –

- x ਦਵਾਈਆਂ ਦੀ ਪਰਚੀ ਨੂੰ UNM Hospital ਤੋਂ ਬਾਹਰ ਦੀਆਂ ਫਾਰਮੇਸੀਆਂ 'ਤੇ ਭਰਿਆ ਜਾ ਸਕਦਾ ਹੈ
- x ਕੌਸਮੈਟਿਕ (ਪਲਾਸਟਿਕ) ਸਰਜਰੀ
- x ਫ਼ੈਮਿਲੀ ਪਲਾਨਿੰਗ ਦੀਆਂ ਕੁਝ ਸੇਵਾਵਾਂ, ਜਿਵੇਂ –
  - ਸਰਜਰੀ ਨਾਲ ਨਸਬੰਦੀ ਹਟਾਉਣੀ (ਵੈਸਕਟੌਮੀ ਰਿਵਰਸਲ)
  - ਗਰਭ-ਅਵਸਥਾ ਖ਼ਤਮ ਕਰਨ ਲਈ ਚੋਣਵਾਂ ਅਮਲ (ਗਰਭਪਾਤ)
  - ਗਰਭ-ਧਾਰਣ ਕਰਨ ਵਿੱਚ ਹੋਣ ਵਾਲੀ ਮੁਸ਼ਕਿਲ ਸਬੰਧੀ ਟੈਸਟਿੰਗ ਅਤੇ ਇਲਾਜ।
- x ਐਂਬੂਲੈਂਸ ਸੇਵਾਵਾਂ
- x UNM Hospital ਤੋਂ ਬਾਹਰ ਦੇ ਸਟੋਰਾਂ ਤੋਂ ਖ਼ਰੀਦੇ ਗਏ ਬੈੱਡ, ਛੜੀਆਂ ਜਾਂ ਆੱਕਸੀਜਨ ਟੈਂਕ ਵਰਗੇ ਮੈਡੀਕਲ ਉਪਕਰਣ। ਇਸ ਕਿਸਮ ਦੇ ਉਪਕਰਣ ਨੂੰ ਹੰਢਣਸਾਰ ਮੈਡੀਕਲ ਉਪਕਰਣ (Durable Medical Equipment, DME) ਕਿਹਾ ਜਾਂਦਾ ਹੈ।

ਇਸ ਸੂਚੀ ਵਿੱਚ UNM Hospital ਲਈ ਮੈਡੀਕਲ ਡਾਇਰੈਕਟਰ ਅਤੇ ਚੀਫ਼ ਮੈਡੀਕਲ ਅਫ਼ਸਰ ਛੋਟ ਦੇ ਸਕਦੇ ਹਨ।

## 5. UNM Care ਜਾਂ Out-of-County Care ਲਈ ਮੈਂ ਕਿਵੇਂ ਅਪਲਾਈ ਕਰ ਸਕਦਾ/ਸਕਦੀ ਹਾਂ?

ਪਹਿਲਾ ਪੜਾਅ ਅਰਜ਼ੀ ਮੁਕੰਮਲ ਕਰਨ ਦਾ ਹੈ। ਇੰਜ ਕਰਨ ਲਈ, ਤੁਹਾਨੂੰ ਮਰੀਜ਼ ਲਈ ਫ਼ਾਇਨਾਂਸ਼ਿਅਲ ਸੇਵਾਵਾਂ ਦੇ ਨੁਮਾਇੰਦੇ (Patient Financial Services Representative) ਨਾਲ ਮੁਲਾਕਾਤ ਕਰਨ ਲਈ **505 272-2521** 'ਤੇ ਕਾੱਲ ਕਰਨੀ ਪੈਣੀ ਹੈ। ਤੁਸੀਂ ਨਿਜੀ ਤੌਰ 'ਤੇ ਜਾਂ ਫ਼ੋਨ 'ਤੇ ਆਪਣੀ ਮੁਲਾਕਾਤ ਲਈ ਕਹਿ ਸਕਦੇ ਹੋ। ਜਦੋਂ ਤੁਸੀਂ ਆਪਣੇ ਨੁਮਾਇੰਦੇ (ਨਿਜੀ ਤੌਰ 'ਤੇ ਜਾਂ ਫ਼ੋਨ 'ਤੇ) ਨੂੰ ਮਿਲਦੇ ਹੋ, ਤਾਂ ਉਹ ਅਰਜ਼ੀ ਭਰਨ ਵਿੱਚ ਤੁਹਾਡੀ ਮਦਦ ਕਰਨਗੇ।

ਜਦੋਂ ਤੁਹਾਡੀ ਮੁਲਾਕਾਤ ਹੁੰਦੀ ਹੈ, ਤਾਂ ਤੁਹਾਡਾ ਨੁਮਾਇੰਦਾ UNM Care ਜਾਂ Out-of-County Care ਵਾਲੀ ਅਰਜ਼ੀ ਭਰਨ ਵਿੱਚ ਤੁਹਾਡੀ ਮਦਦ ਕਰੇਗਾ। ਉਹ ਤੁਹਾਨੂੰ ਇਹ ਵੀ ਦੱਸੇਗਾ ਕਿ ਤੁਹਾਨੂੰ ਆਪਣੀ ਅਰਜ਼ੀ ਨਾਲ ਪੁਸ਼ਟੀ ਕਰਨ ਵਾਲੇ ਕਿਹੜੇ ਦਸਤਾਵੇਜ਼ ਜਮ੍ਹਾ ਕਰਨੇ ਪੈਣੇ ਹਨ।

**ਉਸ ਤੋਂ ਬਾਅਦ ਕੀ ਹੋਏਗਾ?**

ਅਸੀਂ ਤੁਹਾਡੀ ਅਰਜ਼ੀ ਦਾ ਜਾਇਜ਼ਾ ਲਵਾਂਗੇ ਅਤੇ ਫ਼ੈਸਲਾ ਕਰਾਂਗੇ ਕਿ ਕੀ ਤੁਸੀਂ UNM Care ਜਾਂ Out-of-County Care ਲਈ ਯੋਗ ਹੋ। ਜੇ ਤੁਹਾਡੇ ਤੋਂ ਸਾਨੂੰ ਹੋਰ ਜਾਣਕਾਰੀ ਦੀ ਲੋੜ ਪੈਂਦੀ ਹੈ, ਤਾਂ ਅਸੀਂ ਤੁਹਾਨੂੰ ਦੱਸਾਂਗੇ।



ਅਸੀਂ ਤੁਹਾਨੂੰ ਨਿਜੀ ਤੌਰ 'ਤੇ ਦੱਸਾਂਗੇ ਜਾਂ ਤੁਹਾਨੂੰ ਇੱਕ ਪੱਤਰ (ਲਿਖਤੀ ਨੋਟਿਸ) ਭੇਜਾਂਗੇ, ਜਿਸ ਵਿੱਚ ਤੁਹਾਨੂੰ ਦੱਸਿਆ ਜਾਏਗਾ ਕਿ ਤੁਹਾਡੀ ਅਰਜ਼ੀ ਮੰਜ਼ੂਰ ਹੋ ਗਈ ਸੀ। ਜੇ ਤੁਹਾਡੀ ਅਰਜ਼ੀ ਖ਼ਾਰਜ ਹੋ ਜਾਂਦੀ ਹੈ, ਤਾਂ ਅਸੀਂ ਤੁਹਾਨੂੰ ਕਾੱਲ ਕਰਾਂਗੇ।

**ਸਾਨੂੰ ਤੁਹਾਡੀ ਭਰੀ ਹੋਈ ਅਰਜ਼ੀ ਮਿਲਣ ਦੇ 15 ਦਿਨਾਂ ਦੇ ਅੰਦਰ ਤੁਹਾਨੂੰ ਜਵਾਬ ਮਿਲ ਜਾਣਾ ਚਾਹੀਦਾ ਹੈ।**

ਜੇ ਤੁਹਾਡੇ ਕੁਝ ਦਸਤਾਵੇਜ਼ ਨਹੀਂ ਮਿਲ ਰਹੇ, ਤਾਂ ਉਹ ਦਸਤਾਵੇਜ਼ ਜਮ੍ਹਾ ਕਰਾਉਣ ਲਈ ਤੁਹਾਡੇ ਕੋਲ "ਪੁਸ਼ਟੀ ਲੋੜੀਂਦੀ ਹੈ" ਨਾਮਕ ਫ਼ਾਰਮ (ਜੋ ਤੁਹਾਡੇ ਨੁਮਾਇੰਦੇ ਵਲੋਂ ਤੁਹਾਨੂੰ ਦਿੱਤਾ ਜਾਂਦਾ ਹੈ) 'ਤੇ ਦਿੱਤੀ ਤਾਰੀਖ਼ ਤੋਂ 30 ਦਿਨ ਹੁੰਦੇ ਹਨ।

ਜੇ ਤੁਹਾਡੀ ਅਰਜ਼ੀ ਸਿਰਫ਼ ਇਸ ਕਰਕੇ ਖ਼ਾਰਜ ਹੋ ਜਾਂਦੀ ਹੈ, ਕਿਉਂਕਿ ਤੁਸੀਂ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ, ਤਾਂ ਤੁਸੀਂ ਇਸ ਫ਼ੈਸਲੇ ਲਈ ਅਪੀਲ ਕਰ ਸਕਦੇ ਹੋ।

## 6. ਜੇ ਮੇਰੇ ਕੋਲ ਮੈਡੀਕਲ ਰਿਕਾੱਰਡ ਨੰਬਰ ਨਹੀਂ ਹੈ, ਤਾਂ ਕੀ ਮੈਂ ਮਰੀਜ਼ ਲਈ ਫ਼ਾਇਨਾਂਸ਼ਿਅਲ ਸੇਵਾਵਾਂ (Patient Financial Services) ਨਾਲ ਮੁਲਾਕਾਤ ਕਰ ਸਕਦਾ/ਸਕਦੀ ਹਾਂ?

ਜੇ ਤੁਹਾਡਾ UNM Hospital ਨਾਲ ਪਹਿਲਾਂ ਤੋਂ ਹੀ **ਮੈਡੀਕਲ ਰਿਕਾੱਰਡ ਨੰਬਰ (Medical Record Number, MRN)** ਹੈ, ਤਾਂ ਤੁਸੀਂ ਮਰੀਜ਼ ਲਈ ਫ਼ਾਇਨਾਂਸ਼ਿਅਲ ਸੇਵਾਵਾਂ ਨਾਲ ਮੁਲਾਕਾਤ ਕਰ ਸਕਦੇ ਹੋ।

ਜੇ ਤੁਹਾਡੇ ਕੋਲ UNM Hospital ਨਾਲ ਪਹਿਲਾਂ ਤੋਂ ਹੀ MRN ਨਹੀਂ ਹੈ, ਤਾਂ **ਕੋਈ ਗੱਲ ਨਹੀਂ।** ਆਪਣੀ ਅਰਜ਼ੀ ਲਈ ਮੁਲਾਕਾਤ ਵਾਸਤੇ ਕਾੱਲ ਕਰਨ ਵੇਲੇ ਸਿਰਫ਼ ਮਰੀਜ਼ ਲਈ ਫ਼ਾਇਨਾਂਸ਼ਿਅਲ ਸੇਵਾਵਾਂ ਨੂੰ ਦੱਸੋ ਕਿ ਤੁਹਾਨੂੰ MRN ਚਾਹੀਦਾ ਹੈ।

## 7. ਮੈਂ ਅਮਰੀਕੀ ਨਾਗਰਿਕ ਨਹੀਂ ਹਾਂ। ਕੀ ਮੈਂ ਅਜੇ ਵੀ ਆਪਣੇ ਬੱਚੇ ਜਾਂ ਆਪਣੇ ਆਪ ਲਈ UNM Care ਜਾਂ Out-of-County Care ਲਈ ਅਪਲਾਈ ਕਰ ਸਕਦਾ/ਸਕਦੀ ਹਾਂ?

**ਹਾਂ!** ਪ੍ਰੋਗਰਾਮ ਦੀਆਂ ਯੋਗਤਾਵਾਂ ਪੂਰੀਆਂ ਕਰਨ ਵਾਲਾ ਕੋਈ ਵੀ ਸ਼ਖ਼ਸ ਅਪਲਾਈ ਕਰ ਸਕਦਾ ਹੈ (ਸੁਆਲ 2 ਵੇਖੋ)। ਤੁਹਾਡੇ ਇਮੀਗ੍ਰੇਸ਼ਨ ਦਾ ਦਰਜਾ ਅਰਜ਼ੀ ਦੇ ਅਮਲ ਦਾ ਹਿੱਸਾ **ਨਹੀਂ** ਹੈ ਅਤੇ ਅਤੇ ਇਹ ਕਿਸੇ ਵੀ ਬੇਨਤੀਕਾਰ ਨੂੰ ਮੰਜ਼ੂਰੀ ਦੇਣ ਅਤੇ ਖ਼ਾਰਜ ਕਰਨ ਲਈ ਸਾਡੇ ਫ਼ੈਸਲੇ ਦੇ ਅਮਲ ਦਾ ਹਿੱਸਾ **ਨਹੀਂ** ਹੈ।

2021 ਵਿੱਚ ਪਾਸ ਕੀਤੇ ਗਏ ਨਿਊ ਮੈਕਸਿਕੋ ਕਾਨੂੰਨ ਵਿੱਚ ਦੱਸਿਆ ਗਿਆ ਹੈ ਕਿ ਸਾਰੇ ਗ਼ੈਰ-ਨਾਗਰਿਕ (ਭਾਵੇਂ ਉਹਨਾਂ ਦੇ ਇਮੀਗ੍ਰੇਸ਼ਨ ਦਾ ਦਰਜਾ ਕੁਝ ਵੀ ਹੋਵੇ) UNM Care ਜਾਂ Out-of-County Care ਵਰਗੇ ਸਹਾਇਤਾ ਪ੍ਰੋਗਰਾਮਾਂ ਲਈ ਸੁਰੱਖਿਅਤ ਢੰਗ ਨਾਲ ਅਪਲਾਈ ਕਰ ਸਕਦੇ ਹਨ ਅਤੇ ਉਹਨਾਂ ਨੂੰ ਉਹਨਾਂ ਦੇ ਇਮੀਗ੍ਰੇਸ਼ਨ ਦਾ ਦਰਜੇ ਕਰਕੇ ਪਹੁੰਚ ਦੇਣ ਤੋਂ ਮਨ੍ਹਾ ਨਹੀਂ ਕੀਤਾ ਜਾ ਸਕਦਾ। ਤੁਸੀਂ ਇਸ ਵੈਬਸਾਈਟ www.nmlegis.gov/Sessions/21%20Regular/bills/hoU.S.e/HB0112.html 'ਤੇ ਉਸ ਕਾਨੂੰਨ ਬਾਰੇ ਪਤਾ ਲਾ ਸਕਦੇ ਹੋ।

ਤੁਹਾਡੀ ਰਾਜ਼ਦਾਰੀ ਦੀ ਰਾਖੀ ਕਰਨ ਲਈ, **ਅਸੀਂ ਤੁਹਾਡੇ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਨਹੀਂ ਪੁੱਛਦੇ।** ਅਸੀਂ, ਤੁਹਾਡੀ ਅਰਜ਼ੀ ਵਿੱਚ ਤੁਹਾਡੇ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਕੋਈ ਜਾਣਕਾਰੀ ਸ਼ਾਮਿਲ ਨਹੀਂ ਕਰਾਂਗੇ। ਜੇ ਕੋਈ ਵੀ ਤੁਹਾਡੇ ਤੋਂ ਤੁਹਾਡੇ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਜਾਣਕਾਰੀ ਜਾਂ ਦਸਤਾਵੇਜ਼ਾਂ ਬਾਰੇ ਪੁੱਛਦਾ ਹੈ, ਤਾਂ ਕਿਰਪਾ ਕਰਕੇ 505 272-2121 'ਤੇ ਕਾੱਲ ਕਰੋ।



## 8. ਜੇ ਮੈਂ UNM Care ਜਾਂ Out-of-County Care ਤੋਂ ਮਦਦ ਲੈਂਦਾ/ਲੈਂਦੀ ਹਾਂ, ਤਾਂ ਕੀ ਇਸ ਨਾਲ ਮੇਰੇ ਇਮੀਗ੍ਰੇਸ਼ਨ ਦੇ ਦਰਜੇ 'ਤੇ ਕੋਈ ਅਸਰ ਪਏਗਾ?

ਨਹੀਂ। UNM Care ਜਾਂ Out-of-County Care ਦੀ ਵਰਤੋਂ ਕਰਨ ਨਾਲ ਤੁਹਾਡੇ ਮੌਜੂਦਾ ਇਮੀਗ੍ਰੇਸ਼ਨ ਦੇ ਦਰਜੇ ਜਾਂ ਤੁਹਾਡੇ ਇਮੀਗ੍ਰੇਸ਼ਨ ਦੇ ਦਰਜੇ ਨੂੰ ਅਪਡੇਟ ਕਰਨ ਦੀਆਂ ਭਵਿੱਖ ਦੀਆਂ ਕੋਸ਼ਿਸ਼ਾਂ 'ਤੇ ਕੋਈ ਅਸਰ **ਨਹੀਂ** ਪਏਗਾ।

ਕੁਝ ਪਰਿਵਾਰ ਇਸ ਗੱਲੋਂ ਫ਼ਿਕਰਮੰਦ ਹੋ ਜਾਂਦੇ ਹਨ ਕਿ ਪਬਲਿਕ ਚਾਰਜ ਟੈਸਟ ਕਰਕੇ UNM Care ਜਾਂ Out-of-County Care ਤੋਂ ਮਦਦ ਲੈਣ ਨਾਲ ਉਹਨਾਂ ਦੇ ਇਮੀਗ੍ਰੇਸ਼ਨ ਦੇ ਦਰਜੇ 'ਤੇ ਅਸਰ ਪੈ ਸਕਦਾ ਹੈ। ਕਿਉਂਕਿ UNM Care ਜਾਂ Out-of-County Care, ਸਿਹਤ ਸਹਾਇਤਾ ਪ੍ਰੋਗਰਾਮ ਹਨ, ਆਪਣੇ ਲਈ ਜਾਂ ਆਪਣੇ ਬੱਚੇ ਲਈ ਉਹਨਾਂ ਤੱਕ ਪਹੁੰਚ ਕਰਨ ਨਾਲ ਤੁਹਾਡੇ ਇਮੀਗ੍ਰੇਸ਼ਨ ਦੇ ਦਰਜੇ 'ਤੇ ਕੋਈ ਅਸਰ ਨਹੀਂ ਪਏਗਾ। (ਪਬਲਿਕ ਚਾਰਜ ਨੇਮ ਹੇਠ, ਇਸ ਨੂੰ ਲਾਭ ਨਹੀਂ ਮੰਨਿਆ ਜਾਏਗਾ।) ਇਹਨਾਂ ਪ੍ਰੋਗਰਾਮਾਂ ਲਈ ਤੁਸੀਂ ਸੁਰੱਖਿਅਤ ਢੰਗ ਨਾਲ ਅਤੇ ਬਿਨਾ ਡਰਿਆਂ ਅਰਜ਼ੀ ਦੇ ਸਕਦੇ ਹੋ ਅਤੇ ਮਦਦ ਲੈ ਸਕਦੇ ਹੋ।

## 9. ਜੇ ਮੇਰਾ ਰੋਜ਼ਗਾਰਦਾਤਾ ਸਿਹਤ ਬੀਮੇ ਦੀ ਪੇਸ਼ਕਸ਼ ਕਰਦਾ ਹੈ, ਤਾਂ ਕੀ ਮੈਂ UNM Care ਜਾਂ Out-of-County Care ਲਈ ਅਰਜ਼ੀ ਦੇ ਸਕਦਾ/ਸਕਦੀ ਹਾਂ?

ਹਾਂ! ਯੋਗਤਾ ਦਾ ਫ਼ੈਸਲਾ ਕਰਨ ਵੇਲੇ, ਅਸੀਂ ਸਿਰਫ਼ ਪਰਿਵਾਰ ਵਿਚਲੇ ਮੈਂਬਰਾਂ ਅਤੇ ਆਮਦਨ ਵੇਖਦੇ ਹਾਂ, ਜੇ ਤੁਹਾਨੂੰ ਆਪਣੇ ਕੰਮ ਰਾਹੀਂ ਬੀਮਾ ਮਿਲਦਾ ਹੈ, ਤੁਸੀਂ ਫਿਰ ਵੀ UNM Care ਜਾਂ Out-of-County Care ਲਈ ਅਪਲਾਈ ਕਰ ਸਕਦੇ ਹੋ। ਦੋਵੇਂ ਪ੍ਰੋਗਰਾਮ ਐਮਰਜੈਂਸੀ ਲਈ ਸਹਿ-ਭੁਗਤਾਨਾਂ ਅਤੇ ਕਟੌਤੀਆਂ ਦੀਆਂ ਲਾਗਤਾਂ ਅਤੇ ਸਿਹਤ ਅਤੇ ਹੋਰ ਮੈਡੀਕਲ ਸੰਭਾਲ ਦੀ ਤੁਹਾਨੂੰ ਲੋੜ ਪੈ ਸਕਦੀ ਹੈ, ਇਹ ਪ੍ਰੋਗਰਾਮ ਇਸ ਨੂੰ ਇਸਦੇ ਘੇਰੇ ਹੇਠ ਲਿਆਉਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਤੁਹਾਨੂੰ ਆਪਣੇ ਕੰਮ ਰਾਹੀਂ ਦਿੱਤੇ ਗਏ ਬੀਮੇ ਲਈ ਸਾਈਨ-ਅਪ ਕਰਨ ਦੀ ਲੋੜ ਨਹੀਂ ਹੈ। ਪਰ ਜੇ ਇਹ ਮੁਫ਼ਤ ਹੈ, ਤਾਂ ਅਸੀਂ ਸੁਝਾਅ ਦਿੰਦੇ ਹਾਂ ਕਿ ਤੁਸੀਂ ਵੀ ਇੰਜ ਹੀ ਕਰੋ।

## 10. ਮੈਨੂੰ SNAP, TANF ਅਤੇ/ਜਾਂ WIC ਮਿਲਦਾ ਹੈ। ਕੀ ਉਸ ਨਾਲ ਮੇਰੀ UNM Care ਜਾਂ Out-of-County Care ਵਾਲੀ ਅਰਜ਼ੀ 'ਤੇ ਅਸਰ ਪਏਗਾ?

ਜੇ ਤੁਸੀਂ ਇਸ ਸਮੇਂ ਨਿਊ Mexico SNAP, TANF ਅਤੇ/ਜਾਂ WIC ਲਾਭ ਲੈ ਰਹੇ ਹੋ, ਤਾਂ ਤੁਸੀਂ ਪਹਿਲਾਂ ਹੀ UNM Care ਜਾਂ Out-of-County Care ਲਈ ਆਮਦਨ ਸਬੰਧੀ ਸ਼ਰਤ ਪੂਰੀ ਕਰਦੇ ਹੋ। ਇਸ ਕਰਕੇ, ਅਪਲਾਈ ਕਰਨ ਲੱਗਿਆਂ ਤੁਹਾਨੂੰ ਆਪਣੀ ਆਮਦਨ ਸਿੱਧ ਕਰਨ ਦੀ ਲੋੜ ਨਹੀਂ ਪੈਣੀ। ਪਰ ਤੁਹਾਨੂੰ ਸਿੱਧ ਕਰਨਾ

ਪਏਗਾ ਕਿ ਤੁਸੀਂ SNAP, TANF ਅਤੇ/ਜਾਂ WIC ਲੈਂਦੇ ਹੋ। ਤੁਸੀਂ ਆਪਣੀ ਅਰਜ਼ੀ ਨਾਲ **ਇਹਨਾਂ ਵਿੱਚੋਂ ਕੋਈ ਵੀ ਇੱਕ** ਦਸਤਾਵੇਜ਼ ਜਮ੍ਹਾ ਕਰਕੇ ਇੰਜ ਕਰ ਸਕਦੇ ਹੋ –

- ✓ ਤੁਹਾਡੇ ਲਾਭਾਂ ਬਾਰੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ (Human Services Department) ਤੋਂ ਪੱਤਰ
- ✓ ਲਾਭਾਂ ਬਾਰੇ ਦਸਤਾਵੇਜ਼ ਦਾ ਸਬੂਤ
- ✓ YES NM ਵੈਬਸਾਈਟ ਬਾਰੇ ਤੁਹਾਡੇ ਲਾਭਾਂ ਦਾ ਸਕ੍ਰੀਨਸ਼ਾੱਟ

## 11. UNM Care ਜਾਂ Out-of-County Care ਲਈ ਅਪਲਾਈ ਕਰਨ ਵਾਸਤੇ ਮੈਨੂੰ ਕਿਹੜੇ ਦਸਤਾਵੇਜ਼ ਜਮ੍ਹਾ ਕਰਾਉਣੇ ਪੈਣੇ ਹਨ?

ਸਾਨੂੰ ਪੁਸ਼ਟੀ ਕਰਨੀ ਪੈਣੀ ਹੈ ਕਿ ਤੁਸੀਂ ਕੌਣ ਹੋ, ਤੁਸੀਂ ਕਿੱਥੇ ਰਹਿੰਦੇ ਹੋ ਅਤੇ ਤੁਹਾਡੀ ਆਮਦਨ ਕਿੰਨੀ ਹੈ। ਇਸ ਲਈ, ਇੰਜ ਕਰਨ ਵਿੱਚ ਸਾਡੀ ਮਦਦ ਕਰਨ ਲਈ, ਅਸੀਂ ਤੁਹਾਨੂੰ ਤੁਹਾਡੀ ਅਰਜ਼ੀ ਦੇ ਨਾਲ ਪੁਸ਼ਟੀ ਕਰਨ ਵਾਲੇ ਕੁਝ ਦਸਤਾਵੇਜ਼ ਜਮ੍ਹਾ ਕਰਾਉਣ ਲਈ ਕਹਿੰਦੇ ਹਾਂ।

**ਤੁਸੀਂ ਕੌਣ ਹੋ (ਪਤਾ)**

ਤੁਹਾਡੀ ਪਛਾਣ ਦੀ ਪੁਸ਼ਟੀ ਕਰਨ ਲਈ, ਅਸੀਂ ਤੁਹਾਨੂੰ ਇੱਕ ਦਸਤਾਵੇਜ਼ ਜਮ੍ਹਾ ਕਰਾਉਣ ਲਈ ਕਹਿੰਦੇ ਹਾਂ। ਤੁਸੀਂ ਆਪਣਾ ਪਾਸਪੋਰਟ (ਕਿਸੇ ਵੀ ਦੇਸ਼ ਤੋਂ), ਡ੍ਰਾਈਵਿੰਗ ਲਾਇਸੈਂਸ, ਪਛਾਣ-ਪੱਤਰ ਕਾਰਡ ਜਾਂ ਪਛਾਣ ਦਾ ਕੋਈ ਹੋਰ ਦਸਤਾਵੇਜ਼ ਜਮ੍ਹਾ ਕਰ ਸਕਦੇ ਹੋ। ਇੱਥੇ ਵੈਬਸਾਈਟ 'ਤੇ ਵੇਖਕੇ, ਤੁਸੀਂ ਇਸ ਬਾਰੇ ਹੋਰ ਪਤਾ ਲਾ ਸਕਦੇ ਹੋ ਕਿ ਅਸੀਂ ਕਿਹੜੇ ਦਸਤਾਵੇਜ਼ ਪ੍ਰਵਾਣ ਕਰ ਸਕਦੇ ਹਾਂ।







**ਕਿਰਪਾ ਕਰਕੇ ਧਿਆਨ ਦਿਓ –**

ਅਸੀਂ ਪਛਾਣ ਨਾਲ ਜੁੜੇ ਦਸਤਾਵੇਜ਼ ਦੇ ਸਬੂਤ ਲਈ ਕਹਿੰਦੇ ਹਾਂ, ਕਿਉਂਕਿ ਅਸੀਂ ਪਤਾ ਲਾਉਣਾ ਚਾਹੁੰਦੇ ਹਾਂ ਕਿ ਤੁਸੀਂ ਕੌਣ ਹੋ ਅਤੇ ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਇਹ ਤੁਸੀਂ ਹੀ ਹੋ। ਤੁਹਾਨੂੰ UNM Care ਜਾਂ Out-of-County Care ਲਈ ਯੋਗ ਹੋਣ ਵਾਸਤੇ ਅਮਰੀਕੀ ਨਾਗਰਿਕ ਹੋਣ ਦੀ ਲੋੜ **ਨਹੀਂ** ਹੈ। ਆਪਣੇ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਸਾਨੂੰ ਦੱਸਣ ਦੀ ਲੋੜ ਨਹੀਂ ਹੈ ਅਤੇ **ਨਾ ਹੀ** ਅਸੀਂ ਪੁੱਛਾਂਗੇ। ਇਸ ਨਾਲ UNM Care ਜਾਂ Out-of-County Care ਲਈ ਤੁਹਾਡੀ ਸਥਿਤੀ 'ਤੇ ਅਸਰ **ਨਹੀਂ** ਪੈਂਦਾ।

ਜੇ ਤੁਹਾਡੇ ਕੋਲ ਤੁਹਾਡੀ ਪਛਾਣ ਦੀ ਪੁਸ਼ਟੀ ਕਰਨ ਵਾਲਾ ਕੋਈ ਦਸਤਾਵੇਜ਼ ਨਹੀਂ ਹੈ, ਤਾਂ ਕੋਈ ਗੱਲ ਨਹੀਂ – ਬੱਸ ਸਾਨੂੰ ਦੱਸ ਦਿਓ। ਹੱਲ ਲੱਭਣ ਲਈ, ਅਸੀਂ ਤੁਹਾਡੇ ਨਾਲ ਕੰਮ ਕਰਾਂਗੇ।

**ਤੁਸੀਂ ਕਿੱਥੇ ਰਹਿੰਦੇ ਹੋ (ਪਤਾ)**

ਅਸੀਂ ਤੁਹਾਨੂੰ ਤੁਹਾਡੇ ਨਾਂ ਅਤੇ ਪਤੇ ਵਾਲਾ ਇੱਕ ਦਸਤਾਵੇਜ਼ ਜਮ੍ਹਾ ਕਰਾਉਣ ਲਈ ਕਹਿੰਦੇ ਹਾਂ। ਇਹ ਗੱਲ ਯਾਦ ਰੱਖੋ ਕਿ ਤੁਹਾਨੂੰ UNM Care ਲਈ ਯੋਗ ਹੋਣ ਵਾਸਤੇ Bernalillo County ਜਾਂ Sandoval County ਵਿੱਚ ਰਹਿਣਾ ਪੈਣਾ ਹੈ, ਪਰ ਜੇ ਤੁਸੀਂ ਕਿਸੇ ਹੋਰ ਕਾਊਂਟੀ ਵਿੱਚ ਰਹਿੰਦੇ ਹੋ, ਤਾਂ ਤੁਸੀਂ Out-of-County Care ਲਈ ਅਰਜ਼ੀ ਦੇ ਸਕਦੇ ਹੋ। ਤੁਸੀਂ ਤਨਖ਼ਾਹ ਦੀ ਸਲਿਪ, ਉਪਯੋਗਤਾ ਬਿੱਲ, ਕਾਰ ਦਾ ਬੀਮਾ ਜਾਂ ਕੋਈ ਹੋਰ ਦਸਤਾਵੇਜ਼



This translation was completed by LanguageLine Solutions.

ਜਮ੍ਹਾ ਕਰ ਸਕਦੇ ਹੋ, ਇਸ 'ਤੇ ਤੁਹਾਡਾ ਨਾਂ ਅਤੇ ਤੁਹਾਡਾ ਪਤਾ ਦੋਵੇਂ ਹੋਣੇ ਚਾਹੀਦੇ ਹਨ।

ਜੇ ਤੁਹਾਡੇ ਕੋਲ ਤੁਹਾਡੀ ਪਛਾਣ ਦੀ ਪੁਸ਼ਟੀ ਕਰਨ ਵਾਲਾ ਕੋਈ ਦਸਤਾਵੇਜ਼ ਨਹੀਂ ਹੈ, ਤਾਂ ਕੋਈ ਗੱਲ ਨਹੀਂ – ਬੱਸ ਸਾਨੂੰ ਦੱਸ ਦਿਓ। ਹੱਲ ਲੱਭਣ ਲਈ, ਅਸੀਂ ਤੁਹਾਡੇ ਨਾਲ ਕੰਮ ਕਰਾਂਗੇ।

**ਤੁਸੀਂ ਕਿੰਨਾ ਪੈਸਾ ਕਮਾਉਂਦੇ ਹੋ (ਆਮਦਨ)**

ਅਸੀਂ ਤੁਹਾਨੂੰ ਤੁਹਾਡੇ ਪਰਿਵਾਰ ਦੀ ਕੁੱਲ ਮਹੀਨੇਵਾਰ ਆਮਦਨ ਦਰਸਾਉਣ ਵਾਲੇ ਦਸਤਾਵੇਜ਼ ਜਮ੍ਹਾ ਕਰਾਉਣ ਲਈ ਕਹਿੰਦੇ ਹਾਂ। ਅਸੀਂ ਇਹ ਪਤਾ ਲਾਉਣਾ ਚਾਹੁੰਦੇ ਹਾਂ ਕਿ ਤੁਹਾਡੀ ਆਮਦਨ ਕਿੰਨੀ ਹੈ, ਇਸਦੇ ਨਾਲ ਹੀ ਤੁਹਾਡੇ ਨਾਲ ਰਹਿਣ ਵਾਲਾ ਹਰ ਇੱਕ ਸ਼ਖ਼ਸ ਕਿੰਨਾ ਪੈਸਾ ਕਮਾਉਂਦਾ ਹੈ। ਤੁਸੀਂ ਤਨਖ਼ਾਹ ਦੀਆਂ ਸਲਿਪਾਂ, ਟੈਕਸ ਰਿਟਰਨਾਂ, ਪੱਤਰ ਜਾਂ ਸੋਸ਼ਲ ਸਿਕਿਓਰਿਟੀ ਤੋਂ ਚੈਕਾਂ ਦੀਆਂ ਕਾੱਪੀਆਂ, ਸਾਬਕਾ ਫ਼ੌਜੀਆਂ ਬਾਰੇ ਮਾਮਲੇ, ਭਾਰਤ ਦੇ ਮਾਮਲਿਆਂ ਬਾਰੇ ਬਿਊਰੋ ਜਾਂ ਹੋਰ ਦਸਤਾਵੇਜ਼ ਜਮ੍ਹਾ ਕਰਾ ਸਕਦੇ ਹੋ, ਜਿਹਨਾਂ ਤੋਂ ਇਹ ਪਤਾ ਚੱਲਦਾ ਹੈ ਕਿ ਤੁਹਾਡੇ ਪਰਿਵਾਰ ਦਾ ਸ਼ਖ਼ਸ ਕਿੰਨੀ ਕਮਾਈ ਕਰਦਾ ਹੈ, ਇਸ ਵਿੱਚ ਤੁਸੀਂ ਵੀ ਸ਼ਾਮਿਲ ਹੋ।

ਜੇ ਤੁਹਾਡੇ ਕੋਲ ਇਹ ਦਸਤਾਵੇਜ਼ ਨਹੀਂ ਹਨ, ਬਸ ਕਿਰਪਾ ਕਰਕੇ ਸਾਨੂੰ ਦੱਸੋ। ਹੱਲ ਲੱਭਣ ਲਈ, ਅਸੀਂ ਤੁਹਾਡੇ ਨਾਲ ਕੰਮ ਕਰਾਂਗੇ।

**ਤੁਹਾਡੇ ਬੈਂਕ ਅਤੇ ਪੂੰਜੀਕਾਰੀ ਖਾਤਿਆਂ (ਅਸਾਸਿਆਂ) ਵਿੱਚ ਤੁਹਾਡਾ ਕਿੰਨਾ ਕੁਝ ਹੈ**

ਅਸੀਂ ਤੁਹਾਨੂੰ ਅਜਿਹੇ ਦਸਤਾਵੇਜ਼ ਜਮ੍ਹਾ ਕਰਨ ਲਈ ਕਹਿੰਦੇ ਹਾਂ, ਜਿਹਨਾਂ ਤੋਂ ਸਿੱਧ ਹੁੰਦਾ ਹੈ ਕਿ ਤੁਹਾਡੇ ਬੈਂਕ ਅਤੇ ਪੂੰਜੀਕਾਰੀ ਦੇ ਖਾਤਿਆਂ ਵਿੱਚ ਕਿੰਨਾ ਪੈਸਾ ਹੈ। UNM Care ਜਾਂ Out-of-County Care ਲਈ ਯੋਗ ਹੋਣ ਵਾਸਤੇ, ਤੁਹਾਡੇ ਬੈਂਕ ਖਾਤਿਆਂ (ਚੈਕਿੰਗ ਅਤੇ ਬਚਤ) ਅਤੇ ਪੂੰਜੀਕਾਰੀ ਦੇ ਖਾਤਿਆਂ ਵਿੱਚ ਕੁੱਲ $20,000 ਤੋਂ ਵੱਧ ਨਹੀਂ ਹੋਣੇ ਚਾਹੀਦੇ। ਤੁਸੀਂ ਆਪਣੇ ਕਿਸੇ ਵੀ ਚੈਕਿੰਗ, ਬਚਤ ਅਤੇ ਪੂੰਜੀਕਾਰੀ ਦੇ ਖਾਤਿਆਂ ਲਈ ਹਾਲੀਆ ਖਾਤੇ ਦੀਆਂ ਸਟੇਟਮੈਂਟਾਂ ਜਮ੍ਹਾ ਕਰ ਸਕਦੇ ਹੋ।

ਅਸੀਂ ਤੁਹਾਨੂੰ ਤੁਹਾਡੇ ਮੈਡੀਕਲ ਬਿੱਲਾਂ ਦਾ ਭੁਗਤਾਨ ਕਰਨ ਲਈ ਤੁਹਾਡੇ ਰਿਟਾਇਰਮੈਂਟ ਦੇ ਫ਼ੰਡ, ਬੌਂਡ, ਡਿਪਾੱਜ਼ਿਟ-ਸਰਟੀਫ਼ਿਕੇਟ (certificates of deposits, CDs) ਨੂੰ ਨਗਦ ਰਕਮ ਵਿੱਚ ਬਦਲਣ ਲਈ ਨਹੀਂ ਕਹਾਂਗੇ। ਹਾਲਾਂਕਿ, ਜੇ ਤੁਸੀਂ ਉਹਨਾਂ ਨੂੰ ਸਾਲ ਦੌਰਾਨ ਪਹਿਲਾਂ ਹੀ ਨਗਦ ਰਕਮ ਵਿੱਚ ਬਦਲ ਚੁੱਕੇ ਹੋ ਜਾਂ ਜੇ ਸਾਲ ਦੌਰਾਨ ਫ਼ੰਡ ਦੀ ਮਿਆਦ ਪੂਰੀ ਹੋ ਗਈ ਹੈ (ਇਸਦਾ ਮਤਲਬ ਹੈ ਕਿ ਤੁਹਾਡੀ ਪੂੰਜੀਕਾਰੀ ਦਾ ਭੁਗਤਾਨ ਕਰਨ ਦੀ ਤਾਰੀਖ਼ ਆ ਗਈ ਹੈ), ਤਾਂ ਉਸ ਰਕਮ ਨੂੰ ਆਮਦਨ ਵਜੋਂ ਮੰਨਿਆ ਜਾਏਗਾ।

ਤੁਹਾਡਾ ਘਰ, ਕਾਰ ਅਤੇ ਰਿਟਾਇਰਮੈਂਟ ਦੇ ਫ਼ੰਡ ਸ਼ਾਮਿਲ ਨਹੀਂ ਹੁੰਦੇ। ਤੁਹਾਨੂੰ ਉਹਨਾਂ ਲਈ ਕੋਈ ਦਸਤਾਵੇਜ਼ ਜਮ੍ਹਾ ਕਰਨ ਦੀ ਲੋੜ ਨਹੀਂ ਹੈ।

## 12. ਕੀ ਆਮਦਨ ਦੀ ਸ਼ਰਤ ਦੇ ਸਬੂਤ ਲਈ ਕੋਈ ਛੋਟਾਂ ਹੁੰਦੀਆਂ ਹਨ?

ਹਾਂ। ਜੇ ਤੁਹਾਨੂੰ SNAP, TANF ਜਾਂ WIC ਲਾਭ ਮਿਲਦੇ ਹਨ, ਤਾਂ ਤੁਸੀਂ UNM Care ਲਈ ਆਮਦਨ ਦੀ ਸ਼ਰਤ ਪਹਿਲਾਂ ਹੀ ਪੂਰੀ ਕਰ ਚੁੱਕੇ ਹੋ ਅਤੇ ਤੁਹਾਨੂੰ ਆਪਣੀ ਆਮਦਨ ਸਿੱਧ ਨਹੀਂ ਕਰਨੀ ਪੈਣੀ। ਜੇ ਤੁਸੀਂ ਬੇਘਰ

ਹੋ ਜਾਂ ਦੀਵਾਲੀਆ ਹੋ ਚੁੱਕੇ ਹੋ, ਤਾਂ ਤੁਸੀਂ ਪਹਿਲਾਂ ਹੀ ਆਮਦਨ ਦੀ ਸ਼ਰਤ ਪੂਰੀ ਕਰ ਚੁੱਕੇ ਹੋ ਅਤੇ ਤੁਹਾਨੂੰ ਆਪਣੀ ਆਮਦਨ ਸਿੱਧ ਨਹੀਂ ਕਰਨੀ ਪੈਣੀ।

ਪਰ, ਜੇ ਸੰਭਵ ਹੋਵੇ, ਤਾਂ ਅਸੀਂ ਤੁਹਾਨੂੰ ਆਪਣੀਆਂ ਸਥਿਤੀਆਂ ਬਾਰੇ ਜਾਣਕਾਰੀ ਮੁਹੱਈਆ ਕਰਨ ਲਈ ਕਹਿੰਦੇ ਹਾਂ। ਉਦਾਹਰਣ ਲਈ –

- ਜੇ ਤੁਸੀਂ SNAP, TANF, ਅਤੇ/ਜਾਂ WIC ਲੈਂਦੇ ਹੋ, ਤਾਂ ਤੁਸੀਂ ਮਨੁੱਖੀ ਸੇਵਾਵਾਂ ਬਾਰੇ ਵਿਭਾਗ (Human Services Department, HSD) ਤੋਂ ਮਿਲਿਆ ਪੱਤਰ ਜ਼ਰੂਰ ਜਮ੍ਹਾ ਕਰ ਸਕਦੇ ਹੋ।
- ਜੇ ਤੁਸੀਂ ਬੇਘਰ ਹੋ, ਤਾਂ ਤੁਸੀਂ ਆਪਣੇ ਕੇਸ ਵਰਕਰ ਜਾਂ ਕਿਸੇ ਭਾਈਚਾਰਕ ਸੰਸਥਾ, ਜੋ ਤੁਹਾਨੂੰ ਜਾਣਦੀ ਹੈ, ਤੋਂ ਮਿਲਿਆ ਇੱਕ ਪੱਤਰ ਜ਼ਰੂਰ ਜਮ੍ਹਾ ਕਰਾ ਸਕਦੇ ਹੋ। ਤੁਹਾਡੇ ਕੇਸ ਵਰਕਰ ਵਲੋਂ ਇਸਤੇਮਾਲ ਕਰਨ ਲਈ ਵੈਬਸਾਈਟ 'ਤੇ ਇੱਕ ਸੈਂਪਲ-ਪੱਤਰ ਉਪਲਬਧ ਹੈ।
- ਜੇ ਤੁਸੀਂ ਦੀਵਾਲੀਆ ਹੋ, ਤਾਂ ਤੁਹਾਨੂੰ ਅਦਾਲਤੀ ਦਸਤਾਵੇਜ਼ ਜਮ੍ਹਾ ਕਰਾਉਣੇ ਪੈ ਸਕਦੇ ਹਨ।

ਜੇ ਤੁਹਾਡੇ ਕੋਲ ਇਹਨਾਂ ਵਿੱਚੋਂ ਕੋਈ ਦਸਤਾਵੇਜ਼ ਨਹੀਂ ਹਨ, ਬਸ ਕਿਰਪਾ ਕਰਕੇ ਸਾਨੂੰ ਦੱਸੋ। ਹੱਲ ਲੱਭਣ ਲਈ, ਅਸੀਂ ਤੁਹਾਡੇ ਨਾਲ ਕੰਮ ਕਰਾਂਗੇ।

## 13. ਕੀ UNM Care ਜਾਂ Out-of-County Care, ਹਸਪਤਾਲਾਂ ਅਤੇ UNM Hospital ਸਿਸਟਮ ਤੋਂ ਬਾਹਰੀ ਕਲਿਨਿਕਾਂ ਤੋਂ ਮਿਲੇ ਬਿੱਲ ਇਸਦੇ ਘੇਰੇ ਹੇਠ ਆਉਣਗੇ?

ਨਹੀਂ। UNM Care ਅਤੇ Out-Of-County Care ਇਸਦੇ ਘੇਰੇ ਹੇਠ **ਨਹੀਂ** ਆਉਣਗੇ –

- x ਸਿਹਤ ਜਾਂ ਕੋਈ ਵੀ ਮੈਡੀਕਲ ਸੰਭਾਲ, ਜੋ ਤੁਸੀਂ UNM Hospital ਅਤੇ ਇਸਦੇ ਕਲੀਨਿਕਾਂ ਤੋਂ **ਬਾਹਰ** ਕਰਾਉਂਦੇ ਹੋ।
- x ਸਿਹਤ ਜਾਂ ਕੋਈ ਵੀ ਮੈਡੀਕਲ ਸੰਭਾਲ, ਜੋ ਤੁਸੀਂ UNM ਮੈਡੀਕਲ ਗਰੁਪ ਦੇ ਇਹਨਾਂ ਕਲਿਨਿਕਾਂ (ਸੂਚੀ ਹੇਠਾਂ ਦਿੱਤੀ ਗਈ ਹੈ) ਵਿਖੇ ਲੈ ਸਕਦੇ ਹੋ। ਮੈਡੀਕਲ ਗਰੁੱਪ ਦੇ ਇਹ ਕਲੀਨਿਕ UNM Hospital ਦਾ ਹਿੱਸਾ ਨਹੀਂ ਹਨ, ਭਾਵੇਂ ਉਹਨਾਂ ਵਿੱਚੋਂ ਕੁਝ ਦੇ ਨਾਂ ਵਿੱਚ UNM ਜੁੜਿਆ ਹੋਇਆ ਹੈ।
    - ਟ੍ਰੂਮੈਨ ਹੈਲਥ ਕਲਿਵਿਕ
    - ਸੈਂਟਰ ਫ਼ਾੱਰ ਡਿਵੈਲਪਮੈਂਟ ਅਤੇ ਡਿਸਅਬਿਲਿਟੀ
    - ਸੈਂਟਰ ਫ਼ਾੱਰ ਰੀਪ੍ਰੋਡਕਟਿਵ ਹੈਲਥ
    - UNM ਸੈਂਟਰ ਫ਼ਾੱਰ ਲਾਈਫ਼
    - UNM ਹੈਲਥ ਗ੍ਰਾਂਦੇ ਪ੍ਰਾਇਮਰੀ ਕੇਅਰ ਕਲਿਨਿਕ
    - DNI ਡਾਇਲਿਸਿਸ ਕਲਿਨਿਕ

## 14. ਮੈਂ UNM Care ਜਾਂ Out-of-County Care ਤੋਂ ਕਿੰਨੇ ਸਮੇਂ ਤੱਕ ਮਦਦ ਹਾਸਿਲ ਕਰ ਸਕਦਾ/ਸਕਦੀ ਹਾਂ?

ਤੁਸੀਂ **UNM Care** ਤੋਂ **1 ਸਾਲ** ਤੱਕ ਮਦਦ ਲੈ ਸਕਦੇ ਹੋ। 1 ਸਾਲ ਦੇ ਸਮੇਂ ਦੀ ਮਿਆਦ, ਸਾਡੇ ਵਲੋਂ ਤੁਹਾਡੀ ਅਰਜ਼ੀ ਮੰਜ਼ੂਰ ਕੀਤੇ ਜਾਣ ਦੀ ਤਾਰੀਖ਼ ਤੋਂ ਸ਼ੁਰੂ ਹੁੰਦੀ ਹੈ। 1 ਸਾਲ ਪੂਰਾ ਹੋਣ 'ਤੇ, ਤੁਸੀਂ ਮੁੜ-ਅਪਲਾਈ ਕਰ ਸਕਦੇ ਹੋ। ਮੁੜ-ਅਪਲਾਈ ਕਰਨ ਦਾ ਅਮਲ ਬਹੁਤ ਤੇਜ਼ ਅਤੇ ਬਹੁਤ ਹੀ ਅਸਾਨ ਹੈ।

**Out-of-County Care** ਲਈ, ਤੁਸੀਂ **6 ਮਹੀਨਿਆਂ** ਲਈ ਮਦਦ ਲੈ ਸਕਦੇ ਹੋ। 6 ਮਹੀਨਿਆਂ ਦੇ ਸਮੇਂ ਦੀ ਮਿਆਦ, ਸਾਡੇ ਵਲੋਂ ਤੁਹਾਡੀ ਅਰਜ਼ੀ ਮੰਜ਼ੂਰ ਕੀਤੇ ਜਾਣ ਦੀ ਤਾਰੀਖ਼ ਤੋਂ ਸ਼ੁਰੂ ਹੁੰਦੀ ਹੈ। 6 ਮਹੀਨੇ ਪੂਰੇ ਹੋਣ 'ਤੇ, ਤੁਸੀਂ ਮੁੜ-ਅਪਲਾਈ ਕਰ ਸਕਦੇ ਹੋ।

## 15. ਕੀ ਹੋਏਗਾ, ਜੇ ਮੇਰੇ ਕੋਲ ਮੰਜ਼ੂਰੀ ਮਿਲਣ ਤੋਂ ਪਹਿਲਾਂ ਦੇ ਬਿੱਲ ਹਨ?

ਜੇ ਤੁਸੀਂ UNM Care ਜਾਂ Out-of-County Care ਲਈ ਮੰਜ਼ੂਰੀ ਮਿਲਣ ਤੋਂ **ਪਹਿਲਾਂ 6-ਮਹੀਨੇ ਦੀ ਮਿਆਦ** ਵਿੱਚ ਮੈਡੀਕਲ ਸੇਵਾਵਾਂ (ਮੁਲਾਕਾਤ ਕਰਨੀ, ਅਮਲ, ਇਲਾਜ) ਲਈਆਂ ਸਨ, ਜਿੰਨਾ ਚਿਰ ਤੁਸੀਂ ਸੰਭਾਲ ਲਈ ਸੀ, ਅਸੀਂ ਉਹਨਾਂ ਸੇਵਾਵਾਂ ਦੀ ਲਾਗਤ ਪੂਰੀ ਕਰਨ ਵਿੱਚ ਮਦਦ ਕਰ ਸਕਦੇ ਹਾਂ –

- ✓ ਮੈਡੀਕਲ ਤੌਰ 'ਤੇ ਜ਼ਰੂਰੀ (ਐਮਰਜੈਂਸੀ ਅਤੇ ਸਿਹਤ ਅਤੇ ਹੋਰ ਮੈਡੀਕਲ ਸੰਭਾਲ, ਜਿਸਦੀ ਤੁਹਾਨੂੰ ਲੋੜ ਪੈ ਸਕਦੀ ਹੈ)।
- ✓ UNM Hospital ਜਾਂ ਇਸਦੇ ਕਲਿਨਿਕਾਂ ਵਿੱਚ ਲਈ ਗਈ।

## 16. ਕੀ ਹੋਏਗਾ, ਜੇ ਮੈਨੂੰ ਮੈਡੀਕਲ ਸੰਭਾਲ ਦੀ ਉਸ ਸਮੇਂ ਲੋੜ ਹੈ, ਜਦੋਂ ਮੈਂ ਯੋਗ ਹੋਣ ਬਾਰੇ ਸੁਣਨ ਦੀ ਉਡੀਕ ਕਰ ਰਿਹਾ/ਰਹੀ ਹੁੰਦੀ ਹਾਂ?

ਜਿਸ ਸਮੇਂ ਤੁਸੀਂ ਇਹ ਪਤਾ ਲਾਉਣ ਦੀ ਉਡੀਕ ਕਰ ਰਹੇ ਹੁੰਦੇ ਹੋ ਕਿ ਕੀ ਤੁਸੀਂ ਯੋਗ ਹੋ, ਉਸ ਸਮੇਂ ਤੁਸੀਂ ਮੈਡੀਕਲ ਸੰਭਾਲ ਲਈ UNM Hospital ਅਤੇ ਇਸਦੇ ਕਲੀਨਿਕਾਂ ਵਿੱਚ ਜਾ ਸਕਦੇ ਹੋ ਅਤੇ ਤੁਹਾਨੂੰ ਮੰਜ਼ੂਰੀ ਮਿਲਦਿਆਂ ਸਾਰ ਹੀ ਤੁਹਾਡੇ ਬਿੱਲ ਇਸਦੇ ਘੇਰੇ ਹੇਠ ਆ ਜਾਣਗੇ। ਪਰ ਜੇ ਤੁਹਾਨੂੰ ਮੰਜ਼ੂਰੀ ਨਹੀਂ ਮਿਲੀ, ਤਾਂ ਉਹਨਾਂ ਬਿੱਲਾਂ ਦਾ ਭੁਗਤਾਨ ਕਰਨ ਲਈ ਤੁਸੀਂ ਜ਼ਿੰਮੇਵਾਰ ਹੋਵੋਗੇ। (ਡਿਸਕਾਉਂਟ ਅਤੇ ਭੁਗਤਾਨ ਦੇ ਪਲਾਨਾਂ ਬਾਰੇ ਹੋਰ ਜਾਣਕਾਰੀ ਲਈ ਸੁਆਲ 18 ਵੇਖੋ।)

ਜਾਂ ਤੁਸੀਂ ਫ਼ੈਸਲੇ ਬਾਰੇ ਅਪੀਲ ਕਰ ਸਕਦੇ ਹੋ। ਜੇ ਤੁਹਾਡੀ ਅਰਜ਼ੀ ਖ਼ਾਰਜ ਹੋ ਜਾਂਦੀ ਹੈ, ਤਾਂ ਅਸੀਂ ਇਸ ਬਾਰੇ ਤੁਹਾਨੂੰ ਦੱਸਣ ਲਈ ਇੱਕ ਪੱਤਰ ਭੇਜਾਂਗੇ ਕਿ ਅਰਜ਼ੀ ਖ਼ਾਰਜ ਕਿਉਂ ਹੋਈ ਹੈ। ਜੇ ਤੁਸੀਂ ਅਪੀਲ ਕਰਨ ਦੀ ਚੋਣ ਕਰਦੇ ਹੋ, ਤਾਂ ਅਸੀਂ ਤੁਹਾਡੀ ਅਰਜ਼ੀ ਬਾਰੇ ਮੁੜ-ਵਿਚਾਰ ਕਰਾਂਗੇ। ਤੁਸੀਂ ਵੈਬਸਾਈਟ 'ਤੇ ਅਪੀਲ ਕਰਨ ਵਾਲੇ ਦਸਤਾਵੇਜ਼ ਲਈ ਬੇਨਤੀ ਕਰਨ ਬਾਰੇ ਪਤਾ ਲਾ ਸਕਦੇ ਹੋ।

## 17. ਕੀ ਮੈਨੂੰ ਕਿਸੇ ਹੋਰ ਭਾਸ਼ਾ ਵਿੱਚ UNM Care ਅਤੇ Out-of-County Care ਸਬੰਧੀ ਦਸਤਾਵੇਜ਼ਾਂ ਅਤੇ ਫ਼ਾਇਨਾਂਸ਼ਿਅਲ ਮਦਦ ਬਾਰੇ ਜਾਣਕਾਰੀ ਮਿਲ ਸਕਦੀ ਹੈ?

ਹਾਂ! ਜੇ ਤੁਹਾਨੂੰ ਕਿਸੇ ਹੋਰ ਭਾਸ਼ਾ ਵਿੱਚ ਇਹਨਾਂ ਵਿੱਚੋਂ ਕੋਈ ਵੀ ਦਸਤਾਵੇਜ਼ ਚਾਹੀਦਾ ਹੈ, ਤਾਂ ਕਿਰਪਾ ਕਰਕੇ ਵੈਬਸਾਈਟ 'ਤੇ ਜਾਓ। ਉਹਨਾਂ ਵਿੱਚੋਂ ਕਈਆਂ ਦੇ **ਅਨੁਵਾਦ ਕੀਤੇ ਗਏ** ਹਨ ਅਤੇ ਤੁਹਾਡੇ ਲਈ ਉਪਲਬਧ ਹਨ।



ਜੇ ਤੁਸੀਂ ਕੋਈ ਹੋਰ ਭਾਸ਼ਾ ਬੋਲਦੇ ਹੋ ਅਤੇ ਇੱਕ **ਦੁਭਾਸ਼ੀਆ** ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਨੂੰ ਦੱਸੋ! ਸਾਡੇ ਕੋਲ ਅਮਰੀਕੀ ਸੰਕੇਤ ਭਾਸ਼ਾ, ਸਪੈਨਿਸ਼, ਨਾਵਾਹੋ ਅਤੇ ਵੀਅਤਨਾਮੀ ਲਈ ਨਿਜੀ ਦੁਭਾਸ਼ੀਏ ਹਨ। ਅਸੀਂ ਤੁਹਾਨੂੰ ਕਿਸੇ ਵੀ ਭਾਸ਼ਾ ਵਿੱਚ ਫ਼ੋਨ ਅਤੇ ਵੀਡੀਓ ਦੁਭਾਸ਼ੀਆਂ ਨਾਲ ਵੀ ਕਨੈਕਟ ਕਰ ਸਕਦੇ ਹਾਂ। ਦੁਭਾਸ਼ੀਆ ਸੇਵਾ ਮੁਫ਼ਤ ਹੈ। ਆਪਣੀ ਮਾਂ-ਬੋਲੀ ਵਿੱਚ ਦੁਭਾਸ਼ੀਆ ਲੈਣਾ ਤੁਹਾਡਾ ਕਾਨੂੰਨੀ ਹੱਕ ਹੈ।

## 18. ਕੀ UNM Care ਜਾਂ Out-of-County Care ਲਈ ਮੇਰੀ ਅਰਜ਼ੀ ਗੁਪਤ ਹੈ?

ਹਾਂ! ਤੁਹਾਡੀ ਅਰਜ਼ੀ ਅਤੇ ਅਰਜ਼ੀ ਦੇ ਅਮਲ ਵਿੱਚ ਤੁਹਾਡੇ ਵਲੋਂ ਮੁਹੱਈਆ ਕਰਾਈ ਗਈ ਸਾਰੀ ਜਾਣਕਾਰੀ ਗੁਪਤ ਹੈ। UNM Hospital ਇਸਨੂੰ ਸਾਂਝੀ ਨਹੀਂ ਕਰਨਗੇ। ਇਸ ਜਾਣਕਾਰੀ ਦੀ ਵਰਤੋਂ ਸਿਰਫ਼ UNM Hospital ਵਲੋਂ ਇਸਤੇਮਾਲ ਕੀਤੀ ਜਾਏਗੀ ਅਤੇ UNM Hospital ਤੋਂ ਬਾਹਰ ਕਿਸੇ ਤੀਜੀ ਧਿਰ ਨੂੰ **ਨਹੀਂ** ਦਿੱਤੀ ਜਾਏਗੀ।

## 19. ਕੀ ਹੋਏਗਾ, ਜੇ ਮੈਂ ਯੋਗ ਨਹੀਂ ਹੁੰਦਾ/ਹੁੰਦੀ, ਪਰ ਆਪਣੇ ਮੈਡੀਕਲ ਬਿੱਲਾਂ ਦਾ ਭੁਗਤਾਨ ਕਰਨ ਲਈ ਮੇਰੇ ਕੋਲ ਬਹੁਤੇ ਪੈਸੇ ਨਹੀਂ ਹਨ?

ਜੇ ਤੁਸੀਂ New Mexico ਵਿੱਚ ਰਹਿੰਦੇ ਹੋ ਅਤੇ ਤੁਸੀਂ UNM Care ਜਾਂ Out-of-County Care ਲਈ ਯੋਗ ਨਹੀਂ ਹੋ ਅਤੇ ਤੁਹਾਡਾ ਬੀਮਾ ਵੀ ਨਹੀਂ ਹੈ, ਤਾਂ ਤੁਹਾਨੂੰ ਆਪਣੇ ਆਪ **ਸਵੈ-ਭੁਗਤਾਨ ਡਿਸਕਾਉਂਟ** ਮਿਲੇਗਾ।

ਸਵੈ-ਭੁਗਤਾਨ ਡਿਸਕਾਉਂਟ ਨਾਲ ਹਸਪਤਾਲ ਅਤੇ ਡਾੱਕਟਰ ਦੀਆਂ ਫ਼ੀਸਾਂ 45 ਫ਼ੀਸਦ (45%) ਤੱਕ ਘਟ ਜਾਂਦੀਆਂ ਹਨ। ਇਸ ਤਰ੍ਹਾਂ, ਉਸ ਡਿਸਕਾਉਂਟ ਨਾਲ, ਤੁਹਾਡਾ ਬਿੱਲ ਮੂਲ ਲਾਗਤ ਨਾਲੋਂ ਲਗਭਗ ਅੱਧਾ ਰਹਿ ਜਾਂਦਾ ਹੈ।

ਅਸੀਂ ਇੱਕ **ਭੁਗਤਾਨ ਪਲਾਨ** ਤਿਆਰ ਕਰਨ ਵਿੱਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ, ਜਿਸ ਨਾਲ ਤੁਸੀਂ ਆਪਣੇ ਮੈਡੀਕਲ ਬਿੱਲਾਂ ਦਾ ਇਕਮੁਸ਼ਤ ਭੁਗਤਾਨ ਕਰਨ ਦੀ ਥਾਂ ਸਮੇਂ ਦੇ ਨਾਲ ਹੌਲੀ-ਹੌਲੀ ਕਰ ਸਕਦੇ ਹੋ। ਅਸੀਂ ਇੱਕ ਅਜਿਹੇ ਪਲਾਨ ਦਾ ਪਤਾ ਲਾਉਣ ਵਿੱਚ ਮਦਦ ਕਰਾਂਗੇ, ਜੋ ਤੁਹਾਡੇ ਅਤੇ ਤੁਹਾਡੇ ਬਜਟ ਅਨੁਸਾਰ ਢੁਕਵਾਂ ਹੋਏਗਾ ਅਤੇ ਤੁਹਾਨੂੰ ਵਿਆਜ ਨਹੀਂ ਦੇਣਾ ਪੈਣਾ। ਭੁਗਤਾਨ ਦੇ ਪਲਾਨਾਂ ਬਾਰੇ ਹੋਰ ਜਾਣਕਾਰੀ ਲਈ 505 272-2521 'ਤੇ ਕਾੱਲ ਕਰੋ।

## 20. ਮੈਂ ਹੋਰ ਜਾਣਕਾਰੀ ਕਿਵੇਂ ਹਾਸਿਲ ਕਰਾਂ ਜਾਂ ਅਰਜ਼ੀ ਦੇ ਅਮਲ ਵਿੱਚ ਮਦਦ ਕਿਵੇਂ ਲਵਾਂ?

ਜੇ ਤੁਸੀਂ ਹੋਰ ਜਾਣਕਾਰੀ ਚਾਹੁੰਦੇ ਹੋ, ਮਦਦ ਚਾਹੀਦੀ ਹੈ ਜਾਂ ਇਹਨਾਂ ਵਿੱਚੋਂ ਕਿਸੇ ਬਾਰੇ ਕੋਈ ਸੁਆਲ ਹਨ, ਤਾਂ ਤੁਸੀਂ ਇਹ ਕੰਮ ਕਰ ਸਕਦੇ ਹੋ:

**ਸਾਡੀ ਵੈਬਸਾਈਟ 'ਤੇ ਜਾਓ**

UNM Care ਜਾਂ Out-of-County Care ਬਾਰੇ ਜਾਣਕਾਰੀ ਲਈ https://unmhealth.org/patients-visitors/billing-insurance/ 'ਤੇ ਜਾਓ। ਇਸ ਵੈਬਸਾਈਟ 'ਤੇ ਤੁਹਾਨੂੰ



This translation was completed by LanguageLine Solutions.

UNM Care ਬਾਰੇ ਅਰਜ਼ੀ ਸਬੰਧੀ ਜਾਣਕਾਰੀ, ਫ਼ਾਇਨਾਂਸ਼ਿਅਲ ਸਹਾਇਤਾ ਬਾਰੇ ਪਾੱਲਿਸੀ, ਹੋਰ ਲਾਹੇਵੰਦ ਦਸਤਾਵੇਜ਼ ਅਤੇ ਇਹਨਾਂ ਦਸਤਾਵੇਜ਼ਾਂ ਦੇ ਅਨੁਵਾਦ ਵੀ ਮਿਲਣਗੇ।

## ਸਾਨੂੰ ਕਾੱਲ ਕਰੋ

**505 272-2521** ਜਾਂ **877 909-6661** (ਟੋਲ ਫ੍ਰੀ) 'ਤੇ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:00 ਵਜੇ ਤੋਂ ਸ਼ਾਮੀਂ 5:00 ਵਜੇ ਕਾੱਲ ਕਰੋ। ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਬਸ ਸਾਨੂੰ ਦੱਸੋ। ਬਹੁਤੀਆਂ ਭਾਸ਼ਾਵਾਂ ਵਿੱਚ ਦੁਭਾਸ਼ੀਆਂ ਸੇਵਾਵਾਂ ਉਪਲਬਧ ਹਨ।

## ਸਾਡੇ ਕੋਲ ਆਓ

UNM Hospital Patient Financial Services
1131 University Blvd NE, Suite D
Albuquerque, NM 87102